# ਡਾ: ਜਗਜੀਤ ਸਿੰਘ ਚੌਹਾਨ ਨੇ ਹੀ ਥੈਚਰ–ਇੰਦਰਾ ਜੁੰਡਲੀ ਨੂੰ ਢੁਕਵਾਂ ਜਵਾਬ ਦਿੱਤਾ

ਬਰਮਿੰਘਮ: ਕੌਂਸਲ ਆਫ਼ ਖਾਲਿਸਤਾਨ ਦੇ ਪ੍ਰਧਾਨ, ਅਮਰੀਕ ਸਿੰਘ ਸਹੋਤਾ (OBE) ਨੇ ਪਿਛਲੀ ਦਿਨੀ ਸਾਹਮਣੇ ਆਏ ਬ੍ਰਤਾਨਵੀ ਗੁਪਤ ਦਸਤਾਵੇਜ਼, ਜਿਸ ਦੀ ਸੂਚਨਾ ਅੰਗ੍ਰੇਜ਼ੀ ਅਖਬਾਰਾਂ 'ਇੰਡੀਪੈਂਡੰਟ' ਜਾਂ 'ਟੈਲੀਗ੍ਰਾਫ਼' ਵਿਚ ਆਈ ਸੀ, 'ਤੇ ਟਿਪਣੀ ਕਰਦਿਆਂ ਕਿਹਾ ਕਿ, ਭਾਰਤੀ ਅਤੇ ਵਿਲਾਇਤੀ ਫ਼ੌਜਾਂ ਦੀ ਮਿਲੀ ਭੁਗਤ ਨਾਲ ਕੀਤਾ ਗਿਆ ਦਰਬਾਰ ਸਾਹਿਬ ਤੇ ਜੂਨ–ਚੁਰਾਸੀ ਦੇ ਹਮਲੇ ਪਿੱਛੋਂ ਹੋਈ ਇੰਦਰਾ ਗਾਂਧੀ ਦੀ ਮੌਤ ਲਈ ਜ਼ਿਆਦਾਤਰ ਭਾਰਤੀ ਅਤੇ ਕੁਝ ਹੱਦ ਤੱਕ ਬ੍ਰਤਾਨਵੀ ਸਰਕਾਰ ਵੀ ਖੁੱਦ ਹੀ ਜ਼ਿੰਮੇਦਾਰ ਸਨ, ਡਾ: ਜਗਜੀਤ ਸਿੰਘ ਜੀ ਚੌਹਾਨ ਦੇ ਇਤਹਾਸਕ ਬਿਆਨ ਨਹੀਂ ।

ਕੌਂਸਲ ਆਫ਼ ਖਾਲਿਸਤਾਨ ਦੇ ਪ੍ਰਧਾਨ, ਨੇ ਅੱਗੇ ਕਿਹਾ ਕਿ ਡਾ: ਚੌਹਾਨ ਵਿਦਵਾਨ ਸਨ ਜੋ ਪੰਜਾਬ ਦੇ ਵਿੱਤ ਮੰਤਰੀ ਅਤੇ ਵਿਧਾਨ ਸਭਾ ਦੇ ਸਪੀਕਰ ਵੀ ਰਹਿ ਚੁਕੇ ਸਨ । ਉਹਨਾ ਸਿਰਫ਼ ਇਸ ਥੈਚਰ–ਇੰਦਰਾ ਜੁੰਡਲੀ ਨੂੰ ਦਰਬਾਰ ਸਾਹਿਬ ਤੇ ਹਮਲੇ ਹੋਣ ਦੇ ਸਾਰ ਹੀ ਸਿੱਖ ਇਤਹਾਸ ਤੋਂ ਜਾਣੂ ਕਰਵਾਇਆ ਸੀ ਕਿ ਸਿੱਖ ਸਿਰੀ ਦਰਬਾਰ ਸਾਹਿਬ ਨੂੰ ਛਲਣੀ ਹੋਇਆ ਜਾਂ ਸਿਰੀ ਅਕਾਲ ਤਖਤ ਸਾਹਿਬ ਨੂੰ ਢਹਿ–ਢਹਿਰੀ ਕੀਤੇ ਜਾਣ ਨੂੰ ਕਦੇ ਵੀ ਬਰਦਾਸ਼ਟ ਨਹੀਂ ਕਰਨਗੇ, ਅਤੇ ਇਸ ਦੇ ਬਦਲੇ ਕੋਈ ਨਾ ਕੋਈ ਸਿੱਖ ਸੂਰਮਾ ਜਰੂਰ ਹਿੰਦੁਸਤਾਨ ਦੇ ਹੁਕਮਰਾਣਾ ਦੇ ਸਿਰ ਉਤਾਰਕੇ ਹੀ ਰਹੇਗਾ । ਇਸ ਵਿਚ ਕੋਈ ਪੜਕਾਉਣਾ ਵਾਲੀ ਗੱਲ ਨਹੀਂ ਸੀ ਭਾਵੇਂ ਉਸ ਸਮੇ ਦੇ ਕਿਸੇ ਵੀ ਹੋਰ ਜਾਣੇ–ਪਛਾਣੇ ਸਿੱਖ ਆਗੂ ਦੀ ਇਸ ਸਚਿਆਈ ਨੂੰ ਬਿਆਨ ਕਰਨ ਦੀ ਜੁਰ੍ਹਤ ਨਹੀਂ ਸਨ ਪਈ । ਲੇਕਿੰਨ, ਬ੍ਰਤਾਨੀਆ ਦੇ ਸਾਬਕਾ ਵਿਦੇਸ਼ ਮੰਤਰੀ, ਡਾ: ਡੇਵਿਡ ਓਇਨ, ਨੇ ਇਸ ਘਟਨਾ ਦੀ ਪੂਰੀ ਸੰਭਾਵਨਾ ਨੂੰ ਪ੍ਰਗਟਾਇਆ ਸੀ । ਬਾਕੀ ਇਤਹਾਸ ਗਵਾਹ ਹੈ ਕਿ ਕੁਝ ਮਹੀਨਿਆਂ ਬਾਅਦ ਹੀ ਪ੍ਰਧਾਨ ਮੰਤਰੀ ਇੰਦਰਾ ਅਤੇ ਫ਼ੌਜ ਮੁੱਖੀ ਵੈਦਿਆ ਵੀ ਸਿੰਘਾਂ ਵੱਲੋਂ ਮੌਤ ਦੇ ਘਾਟ ਉਤਾਰੇ ਗਏ ਸਨ ।

ਜਿੱਥੇ ਮਾਲ ਵੇਚਣ ਦੀ ਮਾਰੀ ਪ੍ਰਧਾਨ ਮੰਤਰੀ ਥੈਚਰ ਨੇ ਪੂਰਾ ਜੋਰ ਲਾਇਆ ਕਿ ਚੌਹਾਨ ਸਾਹਿਬ 'ਤੇ ਪੜਕਾਹਟ ਦੇ ਪਰਚਾਰ ਦਾ ਮੁਕੱਦਮਾ ਚਲਾਇਆ ਜਾਵੇ, ਉੱਥੇ ਆਪਣੀ ਜੁੱਤੀ ਆਪਣੇ ਸਿਰ ਮਾਰ ਕੇ ਇੰਦਰਾ ਵੀ ਇਸ ਲਈ ਥੈਚਰ 'ਤੇ ਦਬਾਉ ਪਾਉਂਦੀ ਰਹੀ । ਲੇਕਿੰਨ, ਇਸ ਦਾ ਕਾਰਨ ਇਹ ਵੀ ਸੀ ਕਿ ਡਾ: ਸਾਹਿਬ ਇਸ ਜੁੰਡਲੀ ਦਾ ਪੜਦਾ ਫ਼ਾਸ ਕਰ ਰਿਹਾ ਸੀ ਜੋ ਕੁਝ ਸਮੇ ਤੋਂ ਦਰਬਾਰ ਸਾਹਿਬ 'ਤੇ ਹਮਲੇ ਕਰਨ ਦੀ ਵਿਉਂਤ ਨੂੰ ਤਿਆਰ ਕਰ ਰਹੀਆਂ ਸਨ । ਦੂਰ–ਅੰਦਾਜ਼ੀ ਨਾਲ ਲੰਦਨ ਦੇ ਪਹਿਲੇ ਰੋਸ ਮੁਜ਼ਾਰੇ ਦੌਰਾਨ ਡਾ: ਨੇ ਇਨ੍ਹਾਂ ਗੁਪਤ ਦਸਤਾਵੇਜ਼ਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਦਾ ਵੇਰਵਾ ਸ਼ਾਰਿਦ ੩੦ ਸਾਲਾਂ ਬਾਅਦ ਹੀ ਸਾਹਮਣੇ ਆਵੇ । ਅੱਜ ਇੰਝ ਵੀ ਜਾਪਦਾ ਹੈ ਕਿ ੩੦ ਸਾਲਾ ਅਸੂਲ ਮੁਤਾਬਿਕ ਨਹੀਂ, ਬਲਕਿ ਇਹ ਦਸਤਾਵੇਜ਼ ਸ਼ਾਇਦ ਭੁਲੇਖੇ ਨਾਲ ਪ੍ਰਧਾਨ ਮੰਤਰੀ ਥੈਚਰ ਦੀ ਮੌਤ ਪਿੱਛੋਂ ਹੀ ਪਿੱਛਲੇ ਸਾਲ ਜਾਰ੍ਹੀ ਕੀਤੇ ਗਏ ਸਨ, ਜੋ ਉਹ ਸ਼ਰਮ ਦੀ ਮਾਰੀ ਆਪਣੇ ਜੀਤੇ–ਜੀਅ ਜਾਰ੍ਹੀ ਹੋਣ ਦੇਣਾ ਨਹੀਂ ਸੀ ਚਾਹੁੰਦੀ ।

ਸਰਬੱਤ ਖਾਲਸਾ ਵੱਲੋਂ ਨਿਯੁਕਤ ਪੰਥਕ ਕਮੇਟੀ ਨੇ ਡਾ: ਚੌਹਾਨ ਨੂੰ ਸਿਆਸੀ ਸੇਵਾਵਾਂ ਲਈ ਬਾਬਾ ਮਾਨੋਚਾਹਲ ਰਾਹੀਂ ਕੌਂਸਲ ਆਫ਼ ਖਾਲਿਸਤਾਨ ਦੇ ਪ੍ਰਧਾਨ ਵਜੋਂ ਨਿਯੁਕਤ ਕਰਕੇ ਫ਼ਿਰ ਆਪਣਾ ਮੈਂਬਰ ਵੀ ਨਿਯੁਕਤ ਕੀਤਾ । ਇਸ ਦੌਰਾਨ ਵਿਦੇਸ਼ੀ ਸਿੱਖਾਂ ਦੇ ਦਬਾਉ ਨਾਲ ਭਾਰਤੀ ਸਰਕਾਰ ਨੂੰ ਪੰਜਾਬ ਵਿਚ ਵਿਧਾਨ ਸਭਾ ਚੋਣਾ ਕਰਵਾਉਣ ਲਈ ਮਜਬੂਰ ਕੀਤਾ ਗਿਆ, ਜਿਨ੍ਹਾਂ ਦਾ ਭਾਵੇਂ ਮੂਰਖ ਸਿੱਖ ਆਗੂਆਂ ਨੇ ਬਾਈਕਾਟ ਕਰਵਾਕੇ ਪੰਜਾਬ ਪੁਲਿਸ ਮੁੱਖੀ ਗਿਲ ਅਤੇ ਮੁੱਖ ਮੰਤਰੀ ਬਿਅੰਤੇ ਨੂੰ ਪੰਜਾਬ ਵਿਚ ਸਿੱਖਾਂ 'ਤੇ ਕਤਲੇਆਮ ਢਾਉਣ ਦਾ ਮੌਕਾ ਦਿੱਤਾ ।

ਦੇਸ਼ ਵਾਪਸੀ 'ਤੇ ਅਤੇ ਆਖਰੀ ਦਮਾਂ ਤੱਕ ਡਾ: ਚੌਹਾਨ ਸਿੱਖਾਂ ਦਾ ਇਕ ਲਾਸਾਨੀ ਸਿਆਸਤਦਾਨ ਸਾਬਤ ਹੋਇਆ ਜੋ ਸਿੱਖਾਂ ਦੀ ਖੁੱਦ–ਮੁਖਿਤਆਰੀ ਮੰਗ ਖਾਲਿਸਤਾਨ ਲਈ ਦ੍ਰਿੜ ਰਹੇ ਸਨ । ਉਲਟ, ਕੁਝ ਅਖਾਉਤੀ ਸਿੱਖ ਆਗੂ ਵੀ ਅੱਜ ਕੱਲ ਡਾ: ਸਾਹਿਬ ਦੇ ਇਨ੍ਹਾਂ ਬਿਆਨਾਂ ਦੀ ਤਰਕ ਕਰਦੇ ਹਨ, ਖਾਸ ਕਰਕੇ ਜੋ ਬਦਲਦੀ ਰੁੱਤ ਦੀ ਤਰਾਂ ਖਾਲਿਸਤਾਨ ਦੀ ਮੰਗ ਨੂੰ ਛੱਡ ਗਹੇ ਹਨ, ਭਾਵੇਂ ਉਹ ਪਹਿਲੇ ਅਕਾਲ ਤੱਖਤ ਸਾਹਿਬ ਦੇ ਜੱਥੇਦਾਰ ਜਾਂ ਪੰਥਕ ਕਮੇਟੀਆਂ'ਚ ਵੀ ਕਿਉਂ ਨਾ ਰਹਿ ਚੁਕੇ ਹੋਣ ।